ਪੰਜਾਬ ਸਰਕਾਰ

ਆਬਕਾਰੀ ਤੇ ਕਰ ਵਿਭਾਗ

(ਆਬਕਾਰੀ ਤੇ ਕਰ-1 ਸ਼ਾਖਾ)

**ਹੁਕਮ**

ਆਬਕਾਰੀ ਤੇ ਕਰ ਅਫਸਰਾਂ ਦੀ ਲੜੀ ਨੰਬਰ 1 ਤੋਂ 69 ਤੱਕ ਦੀ ਸੀਨੀਆਰਤਾ ਸੂਚੀ ਮਿਤੀ 31.10.2006 ਨੂੰ ਅਤੇ ਫਿਰ ਲੜੀ ਨੰ: 1 ਤੋਂ 135 ਤੱਕ ਦੀ ਸੀਨੀਅਰਤਾ ਸੂਚੀ ਮਿਤੀ 13.6.2011 ਨੂੰ ਜਾਰੀ ਕੀਤੀ ਗਈ ਸੀ। ਮਿਤੀ 13.6.2011 ਨੂੰ ਜਾਰੀ ਕੀਤੀ ਸੀਨੀਆਰਤਾ ਸੂਚੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਚੈਲਿੰਜ ਕੀਤੀ ਹੋਈ ਹੈ ਪਰ ਇਸ ਵਿੱਚ ਕੋਈ ਸਟੇਅ ਨਹੀਂ ਹੈ। ਪ੍ਰਸੋਨਲ ਵਿਭਾਗ ਵਲੋਂ ਪੱਤਰ ਨੰਬਰ 4/40/3-3ਪੀਪੀ1/855 ਮਿਤੀ 10.10.2014 ਰਾਹੀਂ ਰੋਸਟਰ ਪੁਆਇੰਟ ਨੂੰ ਸੀਨੀਆਰਤਾ ਪੁਆਇੰਟ ਨਾ ਮੰਨਣ ਬਾਰੇ ਹਦਾਇਤਾਂ/ਸਪੱਸ਼ਟੀਕਰਨ ਜਾਰੀ ਕੀਤਾ ਗਿਆ ਸੀ। ਵਿਭਾਗੀ ਤਰੱਕੀ ਕਮੇਟੀ ਦੀ ਮਿਤੀ 29.4.2015 ਨੂੰ ਹੋਈ ਮੀਟਿੰਗ ਵਿੱਚ ਪ੍ਰਸੋਨਲ ਵਿਭਾਗ ਦੇ ਨੁਮਾਇੰਦੇ ਵੱਲੋਂ ਕਿਹਾ ਗਿਆ ਸੀ ਕਿ ਇਸ ਸਾਰੀਆਂ ਸੀਨੀਆਰਤਾ ਸੂਚੀਆਂ ਇੱਕਠੀਆ ਕਰਕੇ ਇੱਕੋ ਹੀ ਸੂਚੀ ਬਣਾਈ ਜਾਵੇ। ਇਨ੍ਹਾਂ ਹਦਾਇਤਾਂ/ਸਪੱਸ਼ਟੀਕਰਨ ਦੇ ਅਧਾਰ ਤੇ ਆਬਕਾਰੀ ਤੇ ਕਰ ਅਫਸਰਾਂ ਦੇ ਕਾਡਰ ਦੀ ਟੈਂਟੇਟਿਵ ਸੀਨੀਆਰਤਾ ਸੂਚੀ ਲੜੀ ਨੰ: 1 ਤੋਂ 423 ਤੱਕ ਆਬਕਾਰੀ ਤੇ ਕਰ ਅਫਸਰ (State Services Class-II),Rules, 1956 ਦੇ ਰੂਲ 6 ਅਤੇ ਆਬਕਾਰੀ ਤੇ ਕਰ ਵਿਭਾਗ (ਗਰੁੱਪ-ਏ), ਰੂਲਜ਼, 2014 ਦੇ ਰੂਲਜ਼ 5 ਅਨੁਸਾਰ 50:50 ਦੇ ਰੇਸ਼ੋ ਦੇ ਅਧਾਰ ਤੇ ਤਿਆਰ ਕਰਕੇ ਇਸ ਵਿਭਾਗ ਦੇ ਪੱਤਰ ਨੰਬਰ 1/13/2010-ਅਕ1(1)/19866-87 ਮਿਤੀ 7.12.2015 ਰਾਹੀਂ ਆਬਕਾਰੀ ਤੇ ਕਰ ਕਮਿਸ਼ਨਰ, ਪੰਜਾਬ ਨੂੰ ਭੇਜਕੇ ਇਹ ਸੀਨੀਆਰਤਾ ਸੂਚੀ ਅਧਿਕਾਰੀਆਂ ਨੂੰ ਸਰਕੂਲੇਟ ਕਰਕੇ ਇਤਰਾਜ਼ 21 ਦਿਨਾਂ ਵਿੱਚ ਭੇਜਣ ਲਈ ਲਿਖਿਆ ਗਿਆ ਸੀ। ਆਬਕਾਰੀ ਤੇ ਕਰ ਕਮਿਸ਼ਨਰ, ਪੰਜਾਬ, ਪਟਿਆਲਾ ਨੇ ਆਪਣੇ ਪੱਤਰ ਮਿਤੀ 11.12.2015 ਰਾਹੀਂ ਇਹ ਟੈਂਟੇਟਿਵ ਸੀਨੀਆਰਤਾ ਸੂਚੀ ਸਾਰੇ ਸਬੰਧਤਾਂ ਨੂੰ ਸਰਕੂਲੇਟ ਕਰ ਦਿੱਤੀ ਸੀ।

2. ਇਸ ਟੈਂਟੇਟਿਵ ਸੀਨੀਆਰਤਾ ਸੂਚੀ ਵਿਰੁੱਧ ਸਰਵਸ੍ਰੀ/ਸ੍ਰੀਮਤੀ ਸ਼ਾਲਿਨ ਵਾਲੀਆ, ਹਰਦੀਪ ਭੰਵਰਾ, ਅਜੇ ਕੁਮਾਰ, ਰਣਧੀਰ ਕੌਰ, ਰਾਜਨ ਮਹਿਰਾ, ਯਸ਼ ਗਿੱਲ, ਵਿਸ਼ਪਦੀਪ ਸਿੰਘ ਭੰਗੂ, ਇੰਦਰਜੀਤ ਸਿੰਘ ਨਾਗਪਾਲ, ਸੁਨੀਤਾ ਬੱਤਰਾ, ਰਾਜੂ ਧਮੀਜਾ,ਸੰਜੀਵ ਮਦਾਨ, ਅਸ਼ਵਨੀ ਅਰੋੜਾ, ਪਰਮੋਦ ਸਿੰਗਲਾ, ਰਾਜਬੀਰ ਸਿੰਘ ਸਿੱਧੂ, ਮਨੋਹਰ ਲਾਲ [illegible], ਰਾਜੇਸ ਐਰੀ,ਅਵਤਾਰ ਸਿੰਘ ਕੰਗ, ਗੁਰਭਜਨ ਸਿੰਘ ਰਾਏ,ਪਰਮਿੰਦਰ ਸਿੰਘ, ਸੁਰਿੰਦਰ ਪਾਲ ਸਿੰਘ ਪਾਹੁਜਾ,ਰਵੀਇੰਦਰ ਕਾਲੜਾ, ਚੰਦਰਕਾਂਤਾ, ਵਿਨੋਦ ਪਾਹੁਜਾ ਅਤੇ ਮਨਪ੍ਰੀਤ ਕੌਰ 24 ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰਾਂ/ਆਬਕਾਰੀ ਤੇ ਕਰ ਅਫਸਰਾਂ ਵੱਲੋਂ ਇਤਰਾਜ਼ ਪ੍ਰਾਪਤ ਹੋਏ ਹਨ।

3. ਇਨ੍ਹਾਂ ਉਕਤ ਅਧਿਕਾਰੀਆਂ ਵੱਲੋਂ ਪ੍ਰਾਪਤ ਹੋਏ ਇਤਰਾਜ਼ਾਂ ਨੂੰ ਆਬਕਾਰੀ ਤੇ ਕਰ ਕਮਿਸ਼ਨਰ, ਪੰਜਾਬ ਦੀ ਟਿੱਪਣੀ ਅਤੇ ਰਿਕਾਰਡ ਦੇ ਅਧਾਰ ਤੇ ਵਿਚਾਰਨ ਉਪਰੰਤ ਇਸ ਟੈਂਟੇਟਿਵ ਸੀਨੀਆਰਤਾ ਸੂਚੀ ਫਾਈਨਲ ਕਰਨ ਤੋਂ ਪਹਿਲਾਂ ਨਿਮਨ-ਹਸਤਾਖਰ ਵੱਲੋਂ ਉਕਤ ਸਾਰੇ ਅਧਿਕਾਰੀਆਂ ਨੂੰ ਮਿਤੀ 26.02.2016 ਨੂੰ ਸਵੇਰੇ 11:00 ਵਜੇ ਨਿੱਜੀ ਸੁਣਵਾਈ ਲਈ ਬੁਲਾਇਆ ਗਿਆ ਸੀ । ਇਨ੍ਹਾਂ ਅਧਿਕਾਰੀਆਂ ਵੱਲੋਂ ਪੇਸ਼ ਕੀਤੇ ਇਤਰਾਜ਼ ਅਤੇ ਨਿੱਜੀ ਸੁਣਵਾਈ ਦੌਰਾਨ ਦਿੱਤੀਆਂ ਦਲੀਲਾਂ ਦੇ ਸਬੰਧ ਵਿੱਚ ਵਿਭਾਗ ਦਾ ਸਪੱਸ਼ਟੀਕਰਨ ਹੇਠ ਲਿਖੇ ਅਨੁਸਾਰ ਦਰਸਾਇਆ ਜਾਂਦਾ ਹੈ:-

1. <u>ਸ੍ਰੀ ਰਾਜਨ ਮਹਿਰਾ, ਆਬਕਾਰੀ ਤੇ ਕਰ ਅਫਸਰ</u>

   ਇਸ ਅਧਿਕਾਰੀ ਵੱਲੋਂ ਟੈਂਟੇਟਿਵ ਸੀਨੀਆਰਤਾ ਸੂਚੀ ਦੇ ਸਬੰਧ ਵਿੱਚ ਇਤਰਾਜ਼ ਭੇਜਿਆ ਗਿਆ ਸੀ ਕਿ ਉਹ ਜਨਰਲ ਕੈਟਾਗਿਰੀ ਨਾਲ ਸਬੰਧਤ ਹੈ ਅਤੇ ਉਸ ਨੂੰ ਟੈਂਟੇਟਿਵ ਸੀਨੀਆਰਤਾ ਸੂਚੀ ਦੇ ਲੜੀ ਨੰ: 289 ਤੇ ਵਿੱਚ ਬੀ.ਸੀ. ਕੈਟਾਗਿਰੀ ਵਿੱਚ ਦਰਸਾਇਆ ਗਿਆ ਹੈ। ਇਸ ਲਈ ਫਾਈਨਲ ਕੀਤੀ ਜਾਣ ਵਾਲੀ ਸੀਨੀਆਰਤਾ ਸੂਚੀ ਵਿੱਚ ਬੀ.ਸੀ. ਦੀ ਥਾਂ ਤੇ ਉਸ ਨੂੰ ਜਨਰਲ ਕੈਟਾਗਿਰੀ ਵਿੱਚ ਵਿਖਾਇਆ ਜਾਵੇ।

ਅਧਿਕਾਰੀ ਵੱਲੋਂ ਕੀਤਾ ਗਿਆ ਇਤਰਾਜ਼ ਵਾਜਬ ਹੈ। ਇਹ ਇੱਕ ਕਲੇਰੀਕਲ ਗਲਤੀ ਹੈ, ਜੋ ਕਿ ਦਰੁਸਤ ਕਰ ਦਿੱਤੀ ਗਈ ਹੈ।

2. ਸ੍ਰੀ ਸਾਲਿਨ ਵਾਲੀਆ, ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ

ਇਸ ਅਧਿਕਾਰੀ ਨੇ ਟੈਂਟੇਟਿਵ ਸੀਨੀਆਰਤਾ ਸੂਚੀ ਤੇ ਇਤਰਾਜ਼ ਭੇਜਦੇ ਹੋਏ ਸੂਚਿਤ ਕੀਤਾ ਹੈ ਕਿ ਸਰਕਾਰ ਦੇ ਪੱਤਰ ਨੰ: 1/8/96-ਅਕ-1(1)/2483, ਮਿਤੀ 12.8.2008 ਰਾਹੀਂ ਉਸ ਨੂੰ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਵੱਲੋਂ ਜਾਰੀ ਕੀਤੀ ਗਈ ਸਾਂਝੀ ਮੈਰਿਟ ਲਿਸਟ ਦੇ ਅਧਾਰ ਤੇ ਪ੍ਰਸੋਨਲ ਵਿਭਾਗ ਦੀ ਸਲਾਹ ਲੈ ਕੇ ਉਸ ਦੀ ਸੀਨੀਆਰਤਾ ਸ੍ਰੀ ਇੰਦਰਜੀਤ ਸਿੰਘ ਭੰਵਰਾ, ਆਬਕਾਰੀ ਤੇ ਕਰ ਅਫਸਰ ਤੋਂ ਉਪਰ ਅਤੇ ਸ੍ਰੀ ਦਵਿੰਦਰ ਸਿੰਘ ਸਿੱਧੂ ਤੋਂ ਹੇਠਾਂ ਨਿਸ਼ਚਿਤ ਕਰਨ ਦੇ ਹੁਕਮ ਕੀਤੇ ਸਨ। ਇਸ ਲਈ ਉਸ ਦੀ ਸੀਨੀਆਰਤਾ ਸੂਚੀ ਸਰਕਾਰ ਦੇ ਪੱਤਰ ਮਿਤੀ 12.8.2008 ਅਨੁਸਾਰ ਫਿਕਸ ਕਰਕੇ ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਮਿਤੀ 10.10.2014 ਅਨੁਸਾਰ ਬਣਦੀ ਸੀਨੀਆਰਤਾ ਫਿਕਸ ਕੀਤੀ ਜਾਵੇ।

ਇਸ ਅਧਿਕਾਰੀ ਵੱਲੋਂ ਦਿੱਤਾ ਇਤਰਾਜ਼ ਸਹੀ ਹੈ। ਸਰਕਾਰ ਦੇ ਪੱਤਰ ਨੰ: 1/8/96-ਅਕ-1(1)/2483, ਮਿਤੀ 12.8.2008 ਰਾਹੀਂ ਉਸ ਨੂੰ ਪੰਜਾਬ ਲੋਕ ਸੇਵਾ ਕਮਿਸ਼ਨ ਵੱਲੋਂ ਜਾਰੀ ਕੀਤੀ ਗਈ ਸਾਂਝੀ ਮੈਰਿਟ ਸੂਚੀ ਦੇ ਅਧਾਰ ਤੇ ਪ੍ਰਸੋਨਲ ਵਿਭਾਗ ਤੋਂ ਸਲਾਹ ਲੈ ਕੇ ਇਸ ਅਧਿਕਾਰੀ ਦੀ ਸੀਨੀਆਰਤਾ ਸ੍ਰੀ ਇੰਦਰਜੀਤ ਸਿੰਘ ਭੰਵਰਾ, ਆਬਕਾਰੀ ਤੇ ਕਰ ਅਫਸਰ ਤੋਂ ਉਪਰ ਅਤੇ ਸ੍ਰੀ ਦਵਿੰਦਰ ਸਿੰਘ ਸਿੱਧੂ ਤੋਂ ਹੇਠਾਂ ਲੜੀ ਨੰ: 50 ਤੇ ਫਿਕਸ ਕਰ ਦਿੱਤੀ ਗਈ ਹੈ।

3. ਸ੍ਰੀ ਅਵਤਾਰ ਸਿੰਘ ਕੰਗ, ਆਬਕਾਰੀ ਤੇ ਕਰ ਅਫਸਰ

ਸ੍ਰੀ ਅਵਤਾਰ ਸਿੰਘ ਕੰਗ, ਆਬਕਾਰੀ ਤੇ ਕਰ ਅਫਸਰ ਨੇ ਇਤਰਾਜ਼ ਪੇਸ਼ ਕੀਤਾ ਹੈ ਕਿ ਉਹ ਸਾਲ 2004 ਵਿੱਚ ਪਦ-ਉਨਤ ਹੋਇਆ ਸੀ ਪਰ ਉਸ ਨੂੰ ਸੀਨੀਆਰਤਾ ਮਿਤੀ 30.9.2006 ਨੂੰ ਦਿੱਤੀ ਗਈ ਹੈ। ਸ੍ਰੀਮਤੀ ਜਤਿੰਦਰ ਕੌਰ (ਐਸ.ਸੀ) ਜੋ ਮਿਤੀ 9.10.2006 ਨੂੰ ਨਿਯੁਕਤ ਹੋਈ ਹੈ ਉਸ ਨੂੰ ਉਸ ਤੋਂ ਉਪਰ ਸੀਨੀਆਰਤਾ ਦਿੱਤੀ ਗਈ ਹੈ। ਇਸੇ ਤਰ੍ਹਾਂ ਸ੍ਰੀ ਐਸ.ਪੀ.ਪਾਹੂਜਾ ਅਤੇ ਸ੍ਰੀ ਬਲਵਿੰਦਰ ਸਿੰਘ ਨੂੰ ਵੀ ਉਸ ਤੋਂ ਸੀਨੀਅਰ ਵਿਖਾਇਆ ਗਿਆ ਹੈ ਜਦੋਂ ਕਿ Length of Service ਦੇ ਅਨੁਸਾਰ ਉਸ ਦਾ ਨਾਮ ਲੜੀ ਨੰ: 293 ਦੀ ਥਾਂ ਤੇ ਲੜੀ ਨੰ: 284 ਤੇ ਹੋਣਾ ਚਾਹੀਦਾ ਹੈ।

ਇਸ ਅਧਿਕਾਰੀ ਨੂੰ ਮਿਤੀ 08.11.2004 ਨੂੰ ਆਬਕਾਰੀ ਨਿਰੀਖਕ ਤੋਂ ਆਬਕਾਰੀ ਤੇ ਕਰ ਅਫਸਰ ਪੱਦ-ਉਨਤ ਕੀਤਾ ਗਿਆ ਸੀ ਅਤੇ ਆਬਕਾਰੀ ਨਿਰੀਖਕ ਦੇ ਕਾਡਰ ਵਿੱਚ ਪੋਸਟ ਖਾਲੀ ਹੋਣ ਤੇ ਇਸ ਅਧਿਕਾਰੀ ਨੂੰ ਮਿਤੀ 30.9.2006 ਤੋਂ ਸੀਨੀਆਰਤਾ ਦਿੱਤੀ ਗਈ ਹੈ। ਇਸ ਲਈ ਇਸ ਅਧਿਕਾਰੀ ਨੂੰ ਜੋ ਸੀਨੀਆਰਤਾ ਦਿੱਤੀ ਗਈ ਉਹ ਠੀਕ ਹੈ। ਜਿੱਥੋਂ ਤੱਕ ਉਸ ਦੀ ਪਿਛਲੀ ਮਿਤੀ ਤੋਂ ਸੀਨੀਆਰਤਾ ਕਲੇਮ ਕਰਨ ਦਾ ਸਬੰਧ ਹੈ ਇਹ ਮਾਮਲਾ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਵਿੱਚ ਵੱਖਰੇ ਤੌਰ ਤੇ ਵਿਚਾਰ ਅਧੀਨ ਹੈ ਅਤੇ ਉਸ ਅਨੁਸਾਰ ਬਣਦੀ ਕਾਰਵਾਈ ਬਾਅਦ ਵਿੱਚ ਕਰ ਲਈ ਜਾਵੇਗੀ।

4) **ਸ੍ਰੀ ਸਿੰਜਣੀ ਤਿਵਾੜੀ , ਆਬਕਾਰੀ ਤੇ ਕਰ ਅਫਸਰ ਨੂੰ ਦਿੱਤੀ ਸੀਨੀਆਰਤਾ ਸਬੰਧੀ।**

ਕੁਝ ਅਧਿਕਾਰੀਆਂ ਵੱਲੋਂ ਸ੍ਰੀਮਤੀ ਸਿੰਜਣੀ ਤਿਵਾੜੀ, ਆਬਕਾਰੀ ਤੇ ਕਰ ਅਫਸਰ ਨੂੰ ਮਿਤੀ 03.04.2003 ਤੋਂ ਸੀਨੀਆਰਤਾ ਦੇਣ ਸਬੰਧੀ ਲਿਖਤੀ ਰੂਪ ਵਿੱਚ ਇਤਰਾਜ਼ ਪੇਸ਼ ਕੀਤੇ ਗਏ ਸਨ ਪਰੰਤੂ ਨਿੱਜੀ ਸੁਣਵਾਈ ਦੌਰਾਨ ਇਸ ਸਬੰਧੀ ਕਿਸੇ ਵੀ ਅਧਿਕਾਰੀ ਵੱਲੋਂ ਇਹ ਨੁਕਤਾ ਨਹੀਂ ਉਠਾਇਆ ਗਿਆ ਪਰ ਫਿਰ ਵੀ ਇਸ ਨੁਕਤੇ ਨੂੰ ਵਿਚਾਰਿਆ ਗਿਆ ਅਤੇ ਪਾਇਆ ਕਿ ਸ੍ਰੀਮਤੀ ਸਿੰਜਣੀ ਤਿਵਾੜੀ, ਆਬਕਾਰੀ ਤੇ ਕਰ ਅਫਸਰ ਨੇ ਮਿਤੀ 03.04.2003 ਨੂੰ ਪੰਜਾਬ ਸਰਕਾਰ ਵਿੱਚ ਡੈਪੂਟੇਸ਼ਨ ਤੇ ਜੁਆਇੰਨ ਕੀਤਾ ਸੀ ਜਿਸ ਦੇ ਅਧਾਰ ਤੇ ਉਸ ਨੂੰ ਮਿਤੀ 3.4.2003 ਤੋਂ ਸੀਨੀਆਰਤਾ ਦਿੱਤੀ ਗਈ ਹੈ।

5. ਸਰਵ ਸ੍ਰੀ/ਸ੍ਰੀਮਤੀ ਰਵੀਇੰਦਰ ਕਾਲੜਾ, ਚੰਦਰਕਾਂਤਾ ਅਤੇ ਵਿਨੋਦ ਪਾਹੂਜਾ, ਆਬਕਾਰੀ ਤੇ ਕਰ ਅਫਸਰਾਂ ਵੱਲੋਂ ਮਨਿਸਟਰੀਅਲ ਕਾਡਰ ਲਈ ਬਣਦੇ ਬੈਕਲਾਗ ਦੇਣ ਸਬੰਧੀ ਬੇਨਤੀ ਕਰਦੇ ਹੋਏ ਇਤਰਾਜ਼ ਕੀਤਾ ਕਿ ਪੰਜਾਬ ਆਬਕਾਰੀ ਤੇ ਕਰ ਵਿਭਾਗ (ਸਟੇਟ ਸਰਵਿਸ ਕਲਾਸ-3ਏ) ਰੂਲਜ 1956 ਵਿੱਚ ਆਬਕਾਰੀ ਤੇ ਕਰ ਅਫਸਰਾਂ ਦੀਆਂ ਅਸਾਮੀਆਂ 50 ਪ੍ਰਤੀਸਤ ਸਿੱਧੀ ਭਰਤੀ ਰਾਂਹੀ, 25 ਪ੍ਰਤੀਸਤ ਕਰ ਨਿਰੀਖਕਾਂ ਵਿਚੋ 12.5 ਪ੍ਰਤੀਸਤ ਆਬਕਾਰੀ ਨਿਰੀਖਕਾਂ ਵਿਚੋ ਅਤੇ 12.5 ਪ੍ਰਤੀਸਤ ਮਨਿਸਟਰੀਅਲ ਸਟਾਫ ਵਿਚੋ ਭਰਨ ਦਾ ਪ੍ਰਵਧਾਨ ਹੈ। ਮਨਿਸਟ੍ਰੀਅਲ ਸਟਾਫ ਵਿਚੋ ਆਬਕਾਰੀਤੇ ਕਰ ਅਫਸਰਾਂ ਦੀ ਪਦ ਉਨਤੀ ਦਾ ਕੋਟਾ ਸਰਕਾਰ ਦੀ ਨੋਟੀਫਿਕੇਸ਼ਨ ਮਿਤੀ 22.06.2012 ਰਾਂਹੀ ਬੰਦ ਕਰ ਦਿੱਤਾ ਗਿਆ ਹੈ। ਇਨ੍ਹਾਂ ਤਿੰਨੋ ਅਧਿਕਾਰੀਆਂ ਨੇ ਲਿਖਿਆ ਹੈ ਕਿ ਉਹ ਆਬਕਾਰੀ ਤੇ ਕਰ ਅਫਸਰ ਦੀ ਪਦ ਉਨਤੀ ਲਈ ਬਹੁਤ ਪਹਿਲਾਂ ਤੋ ਯੋਗ ਹੋ ਗਏ ਸਨ ਪਰ ਉਹਨਾ ਨੂੰ ਮਨਿਸਟਰੀਅਲ ਸਟਾਫ ਦੇ ਕੋਟੇ ਵਿਰੁੱਧ ਪਦ ਉਨਤ ਨਹੀ ਕੀਤਾ ਗਿਆ। ਜਿਸ ਸਬੰਧੀ ਉਹਨਾ ਵੱਲੋ ਸਮੇਂ ਸਮੇਂ ਤੇ ਪ੍ਰਤੀਬੇਨਤੀਆਂ ਵੀ ਦਿੱਤੀਆਂ ਜਾਦੀਆਂ ਰਹੀਆਂ ਹਨ ਅਤੇ ਜਦੋਂ ਉਹਨਾ ਨੂੰ ਮਿਤੀ 28.12.2010 ਨੂੰ ਬਤੌਰ ਆਬਕਾਰੀ ਤੇ ਕਰ ਅਫਸਰ ਪਦ ਉਨਤ ਕੀਤਾ ਗਿਆ ਹੈ ਤਾਂ ਇਸੇ ਕਾਰਨ ਕੀਤਾ ਗਿਆ ਹੈ। ਕਿਉਕਿ ਭਾਵੇ ਗਵਰਨਰ ਇਨ ਕੌਸਲ ਨੇ ਮਿਤੀ 27.01.1992 ਨੂੰ ਮਨਿਸਟਰੀਅਲ ਸਟਾਫ ਤੋ ਆਬਕਾਰੀ ਤੇ ਕਰ ਅਫਸਰ ਪਦ ਉਨਤੀ ਦਾ ਕੋਟਾ ਬੰਦ ਕਰਨ ਦੀ ਸਿਫਾਰਿਸ ਕੀਤੀ ਸੀ ਪਰ ਇਸ ਸਬੰਧੀ ਰੂਲਾ ਵਿੱਚ ਸੋਧ ਨਹੀ ਹੋਈ ਸੀ ਅਤੇ ਕੋਟਾ ਬੰਦ ਕਰਨ ਸਬੰਧੀ ਨੋਟੀਫਿਕੇਸਨ ਮਿਤੀ 22.06.2012 ਨੂੰ ਜਾਰੀ ਹੋਈ ਹੈ। ਇਸ ਲਈ ਇਨ੍ਹਾਂ ਤਿੰਨੋ ਅਧਿਕਾਰੀਆਂ ਨੇ ਲਿਖਿਆ ਹੈ ਕਿ ਕਿਉਕਿ ਮਨਿਸਟ੍ਰੀਅਲ ਸਟਾਫ ਤੋ ਆਬਕਾਰੀ ਤੇ ਕਰ ਅਫਸਰ ਦੀ ਪਦ ਉਨਤੀ ਦਾ ਕੋਟਾ ਜੂਨ 2012 ਵਿੱਚ ਬੰਦ ਹੋਇਆ ਹੈ ਇਸ ਲਈ ਜੂਨ 2012 ਤੋ ਪਹਿਲਾਂ ਉਹਨਾ ਨੂੰ ਮਨਿਸਟ੍ਰੀਅਲ ਸਟਾਫ ਦੇ ਬਣਦੇ ਕੋਟੇ ਅਨੁਸਾਰ ਸੀਨੀਅਰਤਾ ਪਿਛਲੀ ਮਿਤੀਆਂ ਤੋ ਦਿੱਤੀ ਜਾਵੇ।

ਇਸ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਇਹ ਠੀਕ ਹੈ ਕਿ ਮਨਿਸਟ੍ਰੀਅਲ ਸਟਾਫ ਦਾ ਕੋਟਾ ਬੰਦ ਹੋਣ ਸਬੰਧੀ ਨੋਟੀਫਿਕੇਸਨ ਮਿਤੀ 22.06.2012 ਨੂੰ ਜਾਰੀ ਹੋਈ ਹੈ ਅਤੇ ਇਸ ਤੋ ਪਹਿਲਾਂ ਪੰਜਾਬ ਆਬਕਾਰੀ ਤੇ ਕਰ ਵਿਭਾਗ (ਸਟੇਟ ਸਰਵਿਸ ਕਲਾਸ 3ਏ) ਰੂਲਜ 1956 ਵਿੱਚ ਆਬਕਾਰੀ ਤੇ ਕਰ ਅਫਸਰਾਂ ਦੀਆਂ 50 ਪ੍ਰਤੀਸ਼ਤ ਅਸਾਮੀਆਂ ਸਿੱਧੀ ਭਰਤੀ ਰਾਂਹੀ, 25% ਕਰ ਨਿਰੀਖਕਾਂ ਵਿਚੋ 12.5% ਆਬਕਾਰੀ ਨਿਰੀਖਕਾਂ ਵਿਚੋ ਅਤੇ 12.5% ਮਨਿਸਟਰੀਅਲ ਸਟਾਫ ਵਿਚੋ ਭਰਨ ਦਾ ਪ੍ਰਵਧਾਨ ਸੀ। ਪਰ ਮਿਤੀ 27.01.1992 ਨੂੰ ਗਵਰਨਰ ਇਨ ਕੌਸਲ ਨੇ ਮਨਿਸਟ੍ਰੀਅਲ ਸਟਾਫ ਤੋ ਆਬਕਾਰੀ ਤੇ ਕਰ ਅਫਸਰ ਪਦ ਉਨਤੀ ਦਾ ਕੋਟਾ ਬੰਦ ਕਰਨ ਦੀ ਸਿਫਾਰਿਸ ਕੀਤੀ ਸੀ। ਇਸ ਤੋ ਬਾਅਦ ਮਨਿਸਟ੍ਰੀਅਲ ਸਟਾਫ ਤੋ ਵੀ ਆਬਕਾਰੀ ਤੇ ਕਰ ਅਫਸਰ ਪਦ ਉਨਤ ਕੀਤੇ ਗਏ ਸਨ ਉਹ

ਕੈਬਨਿਟ ਤੋ ਪ੍ਰਵਾਨਗੀ ਲੈਣ ਉਪਰੰਤ 2 ਵਾਰ ਭਾਵ ਸਾਲ 2002 ਅਤੇ 2010 ਵਿੱਚ One time measures ਪਦ ਉਨਤ ਕੀਤੇ ਗਏ ਸਨ। ਇਸ ਲਈ ਇਨ੍ਹਾਂ ਅਧਿਕਾਰੀਆਂ ਨੂੰ ਤਰੱਕੀ ਦੀ ਮਿਤੀ ਤੋਂ ਦਿੱਤੀ ਗਈ ਸੀਨੀਆਰਤਾ ਫਾਈਨਲ ਕੀਤੀ ਜਾਂਦੀ ਹੈ। ਨਿੱਜੀ ਸੁਣਵਾਈ ਦੌਰਾਨ ਲਏ ਫੈਸਲਾ ਦੇ ਅਧਾਰ ਤੇ ਇਸ ਕੇਸ ਵਿੱਚ ਪ੍ਰਸੋਨਲ ਵਿਭਾਗ ਅਤੇ ਕਾਨੂੰਨੀ ਮਸ਼ੀਰ, ਪੰਜਾਬ ਤੋਂ ਇਨ੍ਹਾਂ ਨੁਕਤਿਆਂ ਤੇ ਰਾਏ ਲੈਣ ਲਈ ਕਾਰਵਾਈ ਬਾਅਦ ਵਿੱਚ ਕਰ ਲਈ ਜਾਵੇਗੀ।

6) ਸ੍ਰੀ ਅਜੈ ਕੁਮਾਰ ਅਤੇ ਸ੍ਰੀਮਤੀ ਰਣਧੀਰ ਕੌਰ, ਆਬਕਾਰੀ ਤੇ ਕਰ ਅਫਸਰ (ਹੁਣ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ

ਇਹਨਾਂ ਅਧਿਕਾਰੀਆਂ ਵੱਲੋਂ ਸਰਕਾਰ ਦੁਆਰਾ ਰੋਸਟਰ ਪੁਆਇੰਟ ਨੂੰ ਸੀਨੀਆਰਤਾ ਪੁਆਇੰਟ ਨਾ ਮੰਨਣ ਬਾਰੇ ਸਰਕਾਰ ਦੀਆਂ ਹਦਾਇਤਾਂ ਮਿਤੀ 10.10.2014 ਉਨਾਂ ਤੇ ਲਾਗੂ ਨਾ ਹੋਣ ਬਾਰੇ ਲਿਖਿਆ ਹੈ। ਇਨ੍ਹਾਂ ਅਧਿਕਾਰੀਆਂ ਅਨੁਸਾਰ ਇਹ ਹਦਾਇਤਾਂ ਐਸ.ਸੀ. ਕੈਟਾਗਰੀ ਦੇ ਉਮੀਦਵਾਰਾਂ ਤੇ ਲਾਗੂ ਹੁੰਦੀਆਂ ਹਨ ਜਦੋਂ ਕਿ ਉਹਨਾਂ ਦੀ ਬਤੌਰ ਸ.ਅ.ਕ.ਕ. ਪਦ ਉੱਨਤੀ ਅੰਗਹੀਣ ਕੋਟੇ ਵਿਚ ਹੋਈ ਹੈ। ਇਹ ਹਦਾਇਤਾਂ retrospective effect ਨਾਲ ਲਾਗੂ ਹੋਣ ਦੀ ਥਾਂ ਤੇ ਹਦਾਇਤਾਂ ਜਾਰੀ ਹੋਣ ਦੀ ਮਿਤੀ ਤੋਂ ਲਾਗੂ ਹੋਣੀਆਂ ਚਾਹੀਦੀਆਂ ਹਨ। ਇਸ ਤੋਂ ਇਲਾਵਾ ਉਨ੍ਹਾਂ ਦੀ ਭਰਤੀ ਮਿਤੀ 08.06.2001 ਨੂੰ ਅੰਗਹੀਣ ਕੋਟੇ ਵਿਚ ਹੋਈ ਸੀ ਅਤੇ ਬਤੌਰ ਸ.ਅ.ਕ.ਕ. ਉਨ੍ਹਾਂ ਦੀ ਪਦ ਉੱਨਤੀ 08 ਸਾਲ ਉਪਰੰਤ ਸਾਲ 2009 ਵਿਚ ਹੋਣੀ ਚਾਹੀਦੀ ਸੀ ਜੋ ਕਿ ਸਾਲ 2011 ਵਿਚ ਹੋਈ। ਉਨ੍ਹਾਂ ਨੇ ਪਿਛਲੀ ਮਿਤੀ ਤੋਂ ਸੀਨੀਆਰਤਾ ਦੇਣ ਲਈ ਕਿਹਾ ਹੈ।

ਇਨ੍ਹਾਂ ਅਧਿਕਾਰੀਆਂ ਦੀ ਸੀਨੀਆਰਤਾ ਸੂਚੀ ਮਿਤੀ 25.03.2011 ਜੋ ਕਿ ਆਬਕਾਰੀ ਤੇ ਕਰ ਕਮਿਸ਼ਨਰ, ਪੰਜਾਬ ਦੇ ਦਫਤਰ ਦੇ ਪੱਤਰ ਮਿਤੀ 15.07.2011 ਰਾਹੀਂ ਜਾਰੀ ਕੀਤੀ ਗਈ ਸੀ, ਫਾਈਨਲ ਕੀਤੀ ਜਾ ਚੁੱਕੀ ਹੈ ਅਤੇ ਇਸ ਸੀਨੀਆਰਤਾ ਸੂਚੀ ਦੇ ਅਧਾਰ ਤੇ ਇਹ ਅਧਿਕਾਰੀ ਹੁਣ ਬਤੌਰ ਸ.ਅ.ਕ.ਕ. ਪਦ ਉੱਨਤ ਵੀ ਹੋ ਚੁੱਕੇ ਹਨ। ਅੰਗਹੀਣ ਨੂੰ ਤਰੱਕੀ ਦੇਣ ਲਈ ਮਿਤੀ 4.3.2011 ਨੂੰ ਹਦਾਇਤਾਂ ਜਾਰੀ ਹੋਈਆਂ ਸਨ ਅਤੇ ਇਸ ਤੋਂ ਪਹਿਲਾਂ ਅੰਗਹੀਣਾਂ ਲਈ ਤਰੱਕੀ ਦਾ ਕੋਟਾ ਨਹੀਂ ਸੀ। ਇਸ ਲਈ ਅਧਿਕਾਰੀਆਂ ਵਲੋਂ ਪੇਸ਼ ਕੀਤਾ ਇਤਰਾਜ਼ ਰੱਦ ਕੀਤਾ ਜਾਂਦਾ ਹੈ।

7) ਮਿਸ ਹਰਦੀਪ ਭੰਵਰਾ, ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ

ਇਸ ਅਧਿਕਾਰਣ ਨੇ ਇਤਰਾਜ਼ ਭੇਜਦੇ ਹੋਏ ਦੱਸਿਆ ਹੈ ਕਿ ਉਹ 15.09.1995 ਨੂੰ ਭਰਤੀ ਹੋਈ ਸੀ ਅਤੇ ਹੁਣ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਕੰਮ ਕਰ ਰਹੀ ਹੈ। ਉਸਨੇ ਇਹ ਵੀ ਦੱਸਿਆ ਹੈ ਕਿ ਉਹ ਪੱਛੜੀ ਸ੍ਰੇਣੀ ਨਾਲ ਸਬੰਧ ਰੱਖਦੀ ਹੈ ਅਤੇ ਉਸ ਨੇ ਭਰਤੀ ਵੇਲੇ ਪੱਛੜੀ ਸ੍ਰੇਣੀ ਦਾ ਸਰਟੀਫਿਕੇਟ ਦਿੱਤਾ ਸੀ ਪਰ ਉਸਨੂੰ ਫਿਰ ਵੀ ਪੱਛੜੀ ਸ੍ਰੇਣੀ ਦਾ ਨੁਕਤਾ ਨਹੀਂ ਦਿੱਤਾ ਗਿਆ ਹੈ। ਅਧਿਕਾਰਣ ਵੱਲੋਂ ਲਿਖਿਆ ਗਿਆ ਹੈ ਕਿ ਸ੍ਰੀ ਸੁਖਵਿੰਦਰ ਸਿੰਘ ਨੂੰ ਬੀ.ਸੀ. ਕਾਡਰ ਵਿੱਚ ਆਬਕਾਰੀ ਤੇ ਕਰ ਅਫਸਰ ਅਤੇ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰਾਂ ਦੀ ਸੀਨੀਆਰਤਾ ਸੂਚੀ ਵਿੱਚ ਸੀਨੀਆਰਤਾ ਦਿੱਤੀ ਜਾ ਰਹੀ ਹੈ। ਅਧਿਕਾਰਣ ਵੱਲੋਂ ਇਹ ਵੀ ਇਤਰਾਜ ਕੀਤਾ ਗਿਆ ਹੈ ਕਿ ਉਸਨੇ ਮਿਤੀ 15.09.1995 ਨੂੰ ਬਤੌਰ ਆਬਕਾਰੀ ਤੇ ਕਰ ਅਫਸਰ ਜੁਆਇੰਨ ਕੀਤਾ ਹੈ ਜਦ ਕਿ ਸ੍ਰੀ ਐਸ.ਐਸ. ਚੰਨੀ ਅਤੇ ਸ੍ਰੀ ਪਰਮਜੀਤ ਸਿੰਘ ਨੇ 21.06.1996 ਨੂੰ ਬੀ.ਸੀ. ਉਮੀਦਵਾਰਾਂ ਵਜੋਂ ਜੁਆਇੰਨ ਕੀਤਾ ਸੀ। ਸ੍ਰੀ ਐਸ.ਐਸ. ਚੰਨੀ ਨੂੰ ਸਾਲ 2009 ਵਿੱਚ ਉਸ ਤੋਂ ਪਹਿਲਾਂ ਬਤੌਰ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਦੀ ਪੱਦਉਨੱਤ ਕੀਤਾ ਗਿਆ ਹੈ ਅਤੇ ਇਸ ਤਰ੍ਹਾਂ ਪਰਮਜੀਤ ਸਿੰਘ ਵੱਲੋਂ ਸਾਲ 2009-10 ਵਿਚ

ਬਤੌਰ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਪੱਦਉਨੱਤੀ ਲਈ ਇਨਕਾਰ ਕਰ ਦਿੱਤਾ ਗਿਆ ਸੀ ਕਿਉਂਕਿ ਉਨ੍ਹਾਂ ਵੱਲੋਂ ਪੀ.ਸੀ.ਐਸ. ਲਈ ਅਪਲਾਈ ਕੀਤਾ ਗਿਆ ਸੀ। ਇਸ ਤਰ੍ਹਾਂ ਮਿਤੀ 15.09.1995 ਨੂੰ ਜੁਆਇਨ ਕਰਨ ਨਾਲ ਉਹ ਸ੍ਰੀ ਐਸ.ਐਸ. ਚੰਨੀ ਅਤੇ ਸ੍ਰੀ ਪਰਮਜੀਤ ਸਿੰਘ ਤੋਂ ਸੀਨੀਅਰ ਹੈ। ਸਾਲ 2010 ਵਿਚ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰਾਂ ਦੀ ਫਾਈਨਲ ਕੀਤੀ ਗਈ ਸੀਨੀਆਰਤਾ ਸੂਚੀ ਵਿਚ ਉਸਨੂੰ ਲੜੀ ਨੰ: 81 ਉਤੇ, ਸ੍ਰੀ ਬੀ.ਕੇ. ਬਿਰਦੀ ਨੂੰ ਜਿਨ੍ਹਾਂ ਨੇ 1997 ਵਿਚ ਜੁਆਇੰਨ ਕੀਤਾ ਸੀ ਨੂੰ ਲੜੀ ਨੰ. 70 ਅਤੇ ਸ੍ਰੀ ਐਸ.ਐਸ. ਚੰਨੀ ਨੂੰ ਲੜੀ ਨੰ. 77 ਤੇ ਰੱਖਿਆ ਗਿਆ ਸੀ।

ਇਹ ਅਧਿਕਾਰਣ ਸਰਕਾਰ ਦੇ ਹੁਕਮ ਮਿਤੀ 06.09.1995 ਜੋ ਕਿ ਪਿੱਠ ਅੰਕਣ ਨੰ. 1/41/94-ET.1(1)/3857 dated 06.09.1995 ਰਾਹੀਂ ਤਰਸ ਦੇ ਅਧਾਰ ਤੇ ਬਤੌਰ ਆਬਕਾਰੀ ਤੇ ਕਰ ਅਫਸਰ ਨਿਯੁਕਤ ਹੋਈ ਸੀ। ਦਫਤਰੀ ਰਿਕਾਰਡ ਅਨੁਸਾਰ ਅਧਿਕਾਰਣ ਵੱਲੋਂ ਮਿਤੀ 15.09.1995 ਨੂੰ ਹਾਜਰੀ ਰਿਪੋਰਟ ਪੇਸ਼. ਕੀਤੀ ਸੀ। ਇਸ ਅਧਿਕਾਰਣ ਦੇ ਨਿਯੁਕਤੀ-ਪੱਤਰ ਅਨੁਸਾਰ ਇਸਨੂੰ ਪੰਜਾਬ ਸਰਕਾਰ ਦੇ ਪੱਤਰ ਮਿਤੀ 15.09.1995 ਰਾਹੀਂ ਆਬਕਾਰੀ ਤੇ ਕਰ ਅਫਸਰ ਦੀ ਅਸਾਮੀ ਤੇ ਤਰਸ ਦੇ ਅਧਾਰ ਤੇ ਨਿਯੁਕਤੀ ਦਿੱਤੀ ਗਈ ਸੀ ਨਾ ਕਿ ਬੀ.ਸੀ. ਕਾਡਰ ਦੇ ਰਾਖਵੇਂ ਨੁਕਤੇ ਦਿੱਤੀ ਗਈ ਹੈ। ਇਸ ਲਈ ਮਿਸ ਹਰਦੀਪ ਕੌਰ ਭੰਵਰਾ ਦਾ ਕਲੇਮ ਰੱਦ ਕੀਤਾ ਜਾਂਦਾ ਹੈ।

8. <u>ਸ੍ਰੀਮਤੀ ਮਨਪ੍ਰੀਤ ਕੌਰ ਅਤੇ ਸ੍ਰੀ ਹਨੂਮੰਤ ਸਿੰਘ, ਆਬਕਾਰੀ ਤੇ ਕਰ ਅਫਸਰ</u>

ਸ੍ਰੀਮਤੀ ਮਨਪ੍ਰੀਤ ਕੌਰ, ਆਬਕਾਰੀ ਤੇ ਕਰ ਅਫਸਰ ਅਤੇ ਸ੍ਰੀ ਹਨੂਵੰਤ ਸਿੰਘ, ਆਬਕਾਰੀ ਤੇ ਕਰ ਅਫਸਰ ਵੱਲੋਂ ਇਤਰਾਜ਼ ਪੇਸ਼ ਕੀਤਾ ਗਿਆ ਹੈ ਕਿ ਉਹ ਪੀ.ਸੀ.ਐਸ. ਅਤੇ ਹੋਰ ਜੁੜਵੀਆਂ ਪ੍ਰੀਖਿਆਵਾਂ 1998 ਦੇ ਅਧਾਰ ਤੇ ਆਬਕਾਰੀ ਤੇ ਕਰ ਵਿਭਾਗ ਵਿੱਚ ਬਤੌਰ ਆਬਕਾਰੀ ਤੇ ਕਰ ਅਫਸਰ ਅਪਰੈਲ, 2000 ਵਿਭਾਗ ਵਿੱਚ ਹਾਜ਼ਰ ਹੋਏ ਸਨ ਪਰੰਤੂ ਰਵੀ ਸਿੱਧੂ ਕੇਸ ਸਾਹਮਣੇ ਆਉਣ ਤੇ ਉਨ੍ਹਾਂ ਨੂੰ ਅਗਸਤ, 2002 ਵਿੱਚ ਰਲੀਵ ਕਰ ਦਿੱਤਾ ਗਿਆ ਸੀ ਪਰੰਤੂ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਸਿਵਲ ਅਪੀਲ ਨੰ: 5589-5605 ਆਫ 2014 ਜੋਗਿੰਦਰਪਾਲ ਅਤੇ ਹੋਰ ਦੇ ਕੇਸ ਵਿੱਚ ਮਿਤੀ 23.5.2014 ਦੇ ਫੈਸਲੇ ਅਨੁਸਾਰ ਉਨ੍ਹਾਂ ਨੂੰ ਮੁੜ ਵਿਭਾਗ ਵਿੱਚ ਜੁਆਇਨ ਕਰਵਾਇਆ ਗਿਆ ਹੈ। ਇਸ ਲਈ ਉਨ੍ਹਾਂ ਨੂੰ ਸਾਲ 2000 ਤੋਂ ਸੀਨੀਆਰਤਾ ਦਿੱਤੀ ਜਾਵੇ।

ਸ੍ਰੀਮਤੀ ਮਨਪ੍ਰੀਤ ਕੌਰ ਅਤੇ ਸ੍ਰੀ ਹਨੂਵੰਤ ਸਿੰਘ, ਆਬਕਾਰੀ ਤੇ ਕਰ ਅਫਸਰ ਅਤੇ ਹੋਰ ਸੀਮੀਲਰ ਪਲੇਸਡ ਪਰਸਨ ਸ੍ਰੀਮਤੀ ਅੰਜਲੀ ਸਿੰਘ ਅਤੇ ਸ੍ਰੀ ਸਰਬਜੋਤ ਸਿੰਘ ਸਿੱਧੂ ਨੂੰ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਸਿਵਲ ਅਪੀਲ ਨੰ: 5589-5605/2014-ਜੋਗਿੰਦਰ ਪਾਲ ਅਤੇ ਹੋਰ ਵਿੱਚ ਮਿਤੀ 23.5.2014 ਨੂੰ ਹੋਏ ਫੈਸਲੇ ਅਨੁਸਾਰ ਸ੍ਰੀਮਤੀ ਮਨਪ੍ਰੀਤ ਕੌਰ, ਆਬਕਾਰੀ ਤੇ ਕਰ ਅਫਸਰ ਨੂੰ ਲੜੀ ਨੰ: 398 ਤੇ ਸੀਨੀਆਰਤਾ ਦਿੱਤੀ ਗਈ ਹੈ ਅਤੇ ਸ੍ਰੀ ਸਰਬਜੋਤ ਸਿੰਘ, ਆਬਕਾਰੀ ਤੇ ਕਰ ਅਫਸਰ ਦਾ ਨਾਮ ਸੀਨੀਆਰਤਾ ਸੂਚੀ ਦੇ ਲੜੀ ਨੰ: 403 ਦਰਜ ਕਰ ਦਿੱਤਾ ਗਿਆ ਹੈ। ਬਾਕੀ ਅਧਿਕਾਰੀਆਂ ਦੀ ਸੀਨੀਆਰਤਾ ਸਬੰਧੀ ਸਿਮੀਲਰ ਪਲੇਸਡ ਹੋਣ ਦੇ ਨਾਤੇ ਜੋ ਵੀ ਫੈਸਲਾ ਪੀ.ਸੀ.ਐਸ. ਅਧਿਕਾਰੀਆਂ ਦੇ ਕੇਸ ਵਿੱਚ ਹੋਵੇਗਾ ਉਹ ਇਨ੍ਹਾਂ ਦੇ ਕੇਸ ਵਿੱਚ ਵੀ ਲਾਗੂ ਕਰ ਦਿੱਤਾ ਜਾਵੇਗਾ। ਇਸ ਲਈ ਮੌਜੂਦਾ ਸਥਿਤੀ/ਹਦਾਇਤਾਂ ਅਨੁਸਾਰ ਇਨ੍ਹਾਂ ਅਧਿਕਾਰੀਆਂ ਨੂੰ ਸੀਨੀਆਰਤਾ ਠੀਕ ਦਿੱਤੀ ਗਈ ਹੈ।

9. ਸਰਵ ਸ੍ਰੀ/ਸ੍ਰੀਮਤੀ ਯਸ਼ਗਿੱਲ, ਵਿਸ਼ਵਦੀਪ ਸਿੰਘ ਭੰਗੂ, ਇੰਦਰਜੀਤ ਸਿੰਘ, ਨਾਗਪਾਲ, ਸੁਨੀਤਾ ਬੱਤਰਾ, ਰਾਜੂ ਧਮੀਜਾ, ਸੰਜੀਵ ਮੈਦਾਨ, ਅਸ਼ਵਨੀ ਅਰੋੜਾ, ਪ੍ਰਮੋਦ ਸਿੰਗਲ, ਰਾਜਬੀਰ ਸਿੰਘ, ਮਨੋਹਰ ਲਾਲ ਸ਼ਰਮਾ, ਰਾਜੇਸ਼ ਏਰੀ, ਇੰਦਰਜੀਤ ਸਿੰਘ ਨਾਗਪਾਲ, ਅਵਤਾਰ ਸਿੰਘ ਕੰਗ, ਆਬਕਾਰੀ ਤੇ ਕਰ ਅਫਸਰਾਂ ਵੱਲੋਂ ਮੁੱਖ ਤੌਰ ਤੇ ਲੈਂਥ ਆਫ ਸਰਵਿਸ ਦੇ ਅਧਾਰ ਤੇ ਸੀਨੀਆਰਤਾ ਦੇਣ ਲਈ ਇਤਰਾਜ਼ ਕੀਤਾ ਹੈ। ਉਨ੍ਹਾਂ ਵੱਲੋਂ ਨਿੱਜੀ ਸੁਣਵਾਈ ਦੌਰਾਨ ਵੀ ਇਹ ਸੀਨੀਅਰਤਾ ਸੂਚੀ ਲੈਂਥ ਆਫ ਸਰਵਿਸ ਦੇ ਅਧਾਰ ਤੇ ਤਿਆਰ ਕਰਨ ਲਈ ਬੇਨਤੀ ਕਰਦੇ ਹੋਏ ਲਿਖਿਆ ਗਿਆ ਸੀ ਕਿ ਉਨ੍ਹਾਂ ਦੀਆਂ ਸੇਵਾਵਾਂ Punjab Excise & Taxation State Service (Class-II) Rules, 1956 ਦੇ ਰੂਲ 12, ਜੋ ਕਿ ਸੀਨੀਆਰਤਾ ਨਿਰਧਾਰਤ ਕਰਨ ਸਬੰਧੀ ਹੈ, ਅਨੁਸਾਰ ਨਿਰਧਾਰਤ ਹੁੰਦੀਆਂ ਹਨ ਅਤੇ ਉਨ੍ਹਾਂ ਦੀ ਸੀਨੀਆਰਤਾ ਵੀ ਇਸੇ ਅਨੁਸਾਰ ਹੀ ਨਿਰਧਾਰਤ ਕੀਤੀ ਜਾਵੇ। ਇਨ੍ਹਾਂ ਅਧਿਕਾਰੀਆਂ ਵੱਲੋਂ ਇਸ ਸਬੰਧੀ ਦਿੱਤੀ ਗਈ ਪ੍ਰਤੀਬੇਨਤੀ ਵਿੱਚ ਵਿਭਾਗ ਵਿੱਚ ਸਮੇਂ ਸਮੇਂ ਤੇ ਆਬਕਾਰੀ ਤੇ ਕਰ ਅਫਸਰਾਂ ਦੀਆਂ ਅਸਾਮੀਆਂ ਦੀ ਗਿਣਤੀ ਵਿੱਚ ਆਏ ਬਦਲਾਵਾਂ ਦਾ ਵਰਣਨ ਵੀ ਕੀਤਾ ਗਿਆ ਸੀ। ਇਨ੍ਹਾਂ ਅਧਿਕਾਰੀਆਂ ਵੱਲੋਂ ਆਪਣੀ ਸੀਨੀਆਰਤਾ ਨੂੰ length of service ਅਨੁਸਾਰ ਨਿਰਧਾਰਤ ਕਰਨ ਲਈ ਕੀਤੇ ਜਾ ਰਹੇ ਆਪਣੇ ਦਾਅਵੇ ਨੂੰ ਮਜਬੂਤ ਕਰਨ ਹਿੱਤ ਭਾਰਤੀ ਅਦਾਲਤਾਂ ਦੁਆਰਾ ਸੀਨੀਆਰਤਾ ਦੇ ਮਾਮਲਿਆਂ ਨਾਲ ਸਬੰਧਤ ਸੁਣਾਏ ਗਏ ਕਈ ਫੈਸਲਿਆਂ ਦਾ ਹਵਾਲਾ ਦਿੱਤਾ ਗਿਆ ਹੈ। ਇਨ੍ਹਾਂ ਅਧਿਕਾਰੀਆਂ ਵੱਲੋਂ ਬੇਨਤੀ ਕੀਤੀ ਗਈ ਸੀ ਕਿ ਸਿੱਧੀ ਭਰਤੀ ਰਾਹੀਂ ਨਿਯੁਕਤ ਹੋਏ ਅਧਿਕਾਰੀਆਂ ਦੁਆਰਾ ਸਿਵਲ ਰਿਟ ਪਟੀਸ਼ਨ 14815 ਆਫ 2011 ਸਤਿਗੁਰ ਸਿੰਘ ਬਨਾਮ ਪੰਜਾਬ ਸਰਕਾਰ ਅਤੇ ਸਿਵਲ ਰਿੱਟ ਪਟੀਸ਼ਨ ਨੰਬਰ 14919 ਆਫ 2011 ਸਤੀਸ਼ ਕੁਮਾਰ ਅਗਰਵਾਲ ਬਨਾਮ ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਹਵਾਲਾ ਦਿੱਤਾ ਗਿਆ ਹੈ, ਉਹ ਉਨ੍ਹਾਂ ਦੇ ਕੇਸ ਉੱਤੇ ਲਾਗੂ ਨਹੀਂ ਹੁੰਦੀਆਂ ਹਨ।

7. ਇਨ੍ਹਾਂ ਅਧਿਕਾਰੀਆਂ ਵੱਲੋਂ ਨਿੱਜੀ ਸੁਣਵਾਈ ਦੌਰਾਨ ਪੇਸ਼ ਕੀਤੀਆਂ ਦਲੀਲਾਂ ਦੇ ਅਧਾਰ ਤੇ ਫੈਸਲਾ ਲਿਆ ਗਿਆ ਸੀ ਕਿ ਇਸ ਕੇਸ ਸਬੰਧੀ ਕੋਈ ਵੀ ਕਾਰਵਾਈ ਕਰਨ ਤੋਂ ਪਹਿਲਾਂ ਐਡਵੋਕੇਟ ਜਨਰਲ, ਪੰਜਾਬ ਦੀ ਰਾਏ ਲੈ ਲਈ ਜਾਵੇ ਕਿ ਸੀਨੀਆਰਤਾ ਸੂਚੀ ਕਿਸ ਤਰ੍ਹਾਂ ਫਿਕਸ ਕਰਨੀ ਹੈ। ਇਸ ਲਈ ਇਹ ਕੇਸ ਐਡਵੋਕੇਟ ਜਨਰਲ, ਪੰਜਾਬ ਨੂੰ ਸਲਾਹ ਲਈ ਭੇਜਿਆ ਗਿਆ ਸੀ ਕਿ ਸਿਵਲ ਰਿੱਟ ਪਟੀਸ਼ਨ ਨੰ: 14919 ਆਫ 2011-ਸ਼ਤੀਸ਼ ਕੁਮਾਰ ਅਗਰਵਾਲ ਬਨਾਮ ਪੰਜਾਬ ਅਤੇ ਹਰਿਆਣਾ ਹਾਈਕੋਰਟ ਅਤੇ ਹੋਰਾਂ ਅਤੇ Satguru Singh and other v/s State of Punjab and others ਵੱਲੋਂ ਦਾਇਰ ਕੀਤੀ ਗਈ ਸਿਵਲ ਰਿੱਟ ਪਟੀਸ਼ਨ ਨੰ: 14815 ਆਫ 2011 ਦੇ ਫੈਸਲੇ ਅਤੇ ਪੰਜਾਬ ਆਬਕਾਰੀ ਤੇ ਕਰ ਵਿਭਾਗ ਸਟੇਟ ਸਰਵਿਸ (ਕਲਾਸ-2), 1956 ਦੇ ਸਬ ਰੂਲ-6 ਅਤੇ ਪੰਜਾਬ ਆਬਕਾਰੀ ਤੇ ਕਰ ਵਿਭਾਗ ਸਟੇਟ ਸਰਵਿਸ (ਗਰੁੱਪ-ਏ) ਰੂਲਜ-2014 ਦੇ ਰੂਲ 5 ਦੇ ਸਨਮੁੱਖ ਆਬਕਾਰੀ ਤੇ ਕਰ ਅਫਸਰਾਂ ਦੀ ਸੀਨੀਆਰਤਾ 50:50 ਰੇਸ਼ੋ ਨਾਲ ਫਾਇਨਲ ਕਰਨੀ ਹੈ ਜਾਂ Legnth of Service ਦੇ ਅਧਾਰ ਤੇ ਫਾਈਨਲ ਕਰਨੀ ਹੈ।

8. ਇਸ ਸਬੰਧ ਵਿੱਚ ਐਡਵੋਕੇਟ ਜਨਰਲ ਪੰਜਾਬ ਵਲੋਂ ਵਲੋਂ ਵੱਖ ਵੱਖ ਕੇਸਾਂ ਦਾ ਹਵਾਲਾ ਦਿੰਦੇ ਹੋਏ ਮੁੱਖ ਰੂਪ ਵਿੱਚ ਹੇਠ ਲਿਖੇ ਅਨੁਸਾਰ ਸਲਾਹ ਦਿੱਤੀ ਗਈ ।

> "A perusal of the law a laid down by the Hon'ble Supreme Court and as culled out from the respective judgments of the Hon'ble High Court show that seniority has to be prepared on the basis of the Rules. A person cannot claim determination of seniority merely on the basis of officiating length of service unless vacancy in the said quota had accrued. The Service so

rendered by a promotee beyond quota meant for the promotional quota shall be deemed to be fortuitous till such time that substantive vacancy had fallen in the quota against which promotion has been made. Further, as observed by the Hon'ble Single Judge, power under Rule 18 vested in the Government was only to the extent of restriction of posts and will not be construed as change in the quota prescribed under the Rules. Merely because the ratio of 50:50 has not been strictly followed by the State Government in the matter of recruitment does not entitle promote to claim their seniority on the basis of continuous length of service for a time prior to the vacancy having accrued in the cadre in which the officers has served. Substantive post must exist prior the appointment in order to confer benefit of seniority. Hence I am of the opinion that the seniority list is to be reckoned in the ratio provided under the statutory Rules and the benefit of continuous length can be governed only upon existence of substantive post in the service post in the service prior thereto.

9) ਇਸ ਤਰ੍ਹਾਂ ਐਡਵੋਕੇਟ ਜਨਰਲ, ਪੰਜਾਬ ਦੀ ਉਕਤ ਸਲਾਹ ਅਨੁਸਾਰ ਆਬਕਾਰੀ ਤੇ ਕਰ ਅਫਸਰਾਂ ਦੀ ਸੀਨੀਆਰਤਾ ਸੂਚੀ ਪੰਜਾਬ ਆਬਕਾਰੀ ਤੇ ਕਰ ਵਿਭਾਗ ਸਟੇਟ ਸਰਵਿਸ (ਕਲਾਸ-2), 1956 ਦੇ ਸਬ ਰੂਲ-6 ਅਤੇ ਪੰਜਾਬ ਆਬਕਾਰੀ ਤੇ ਕਰ ਵਿਭਾਗ ਸਟੇਟ ਸਰਵਿਸ (ਗਰੁੱਪ-ਏ) ਰੂਲਜ-2014 ਦੇ ਰੂਲ 5 ਦੇ ਸਨਮੁੱਖ ਅਤੇ ਪ੍ਰਸੋਨਲ ਵਿਭਾਗ ਵਲੋਂ ਪੱਤਰ ਨੰਬਰ 4/40/13-3ਪੀਪੀ1/855 ਮਿਤੀ 10.10.2014 ਦੇ ਸਨਮੁੱਖ ਲੜੀ ਨੰਬਰ 1 ਤੋਂ 423 ਤੱਕ ਆਬਕਾਰੀ ਤੇ ਕਰ ਅਫਸਰਾਂ ਦੀ 50:50 ਰੇਸ਼ੋ ਨਾਲ ਤਿਆਰ ਕੀਤੀ ਗਈ ਹੈ। ਇਸ ਟੈਂਟੇਟਿਵ ਸੀਨੀਆਰਤਾ ਸੂਚੀ ਨੂੰ ਅਨੁਲੱਗ-ੳ ਅਨੁਸਾਰ ਫਾਈਨਲ ਕੀਤਾ ਜਾਂਦਾ ਹੈ।

10 ਇਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਪ੍ਰਸੋਨਲ ਵਿਭਾਗ ਦੇ ਪੱਤਰ ਨੰਬਰ 4/40/13-3ਪੀਪੀ1/855 ਮਿਤੀ 10.10.2014 ਨਾਲ ਜਾਰੀ ਕੀਤੀ ਗਈ ਉਕਤ ਸੀਨੀਆਰਤਾ ਸੂਚੀ ਵਿੱਚ ਕਿਸੇ ਅਧਿਕਾਰੀ ਦੀ ਪਾਤਰਤਾ ਵਿੱਚ ਕੋਈ ਬਦਲਾ ਆਉਂਦਾ ਹੈ ਤਾਂ ਉਸ ਨੂੰ ਉਸਦਾ ਕੋਈ ਲਾਭ ਨਹੀਂ ਦਿੱਤਾ ਜਾਵੇਗਾ ਅਤੇ ਇਹ ਸੀਨੀਆਰਤਾ ਸੂਚੀ ਜਾਰੀ ਹੋਣ ਦੀ ਮਿਤੀ ਤੋਂ ਹੀ ਲਾਗੂ ਹੋਵੇਗੀ। ਇਸ ਤੋਂ ਇਲਾਵਾ ਇਹ ਫਾਈਨਲ ਸੀਨੀਆਰਤਾ ਸੂਚੀ ਸਰਕਾਰ ਵੱਲੋਂ ਜਾਰੀ ਹੋਣ ਵਾਲੀਆਂ ਹਦਾਇਤਾਂ ਅਤੇ ਵੱਖ-ਵੱਖ ਮਾਨਯੋਗ ਅਦਾਲਤਾਂ ਵਿੱਚ ਚੱਲ ਰਹੇ ਕੋਰਟ ਕੇਸਾਂ ਦੇ ਫੈਸਲਿਆਂ ਦੇ ਅਸਰ ਅਧੀਨ ਫਾਈਨਲ ਕੀਤੀ ਜਾਂਦੀ ਹੈ।

ਡੀ.ਪੀ.ਰੈਡੀ
ਵਧੀਕ ਮੁੱਖ ਸਕੱਤਰ (ਕਰ), ਪੰਜਾਬ,
ਆਬਕਾਰੀ ਤੇ ਕਰ ਵਿਭਾਗ।

ਚੰਡੀਗੜ੍ਹ, ਮਿਤੀ
31-03-2016

ਪਿੱਠ ਅੰਕਣ ਨੰਬਰ 01/06/2016-ਅਕ1(1)/ 6749-60 ਚੰਡੀਗੜ੍ਹ, ਮਿਤੀ 31-3-16

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਆਬਕਾਰੀ ਤੇ ਕਰ ਕਮਿਸ਼ਨਰ, ਪੰਜਾਬ, ਪਟਿਆਲਾ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਫਾਈਨਲ ਸੀਨੀਆਰਤਾ ਸੂਚੀ ਸਮੂਹ ਸਬੰਧਤ ਅਧਿਕਾਰੀਆਂ ਨੂੰ ਸਰਕੂਲੇਟ ਕੀਤੀ ਜਾਵੇ ਅਤੇ ਆਬਕਾਰੀ ਤੇ ਕਰ ਵਿਭਾਗ ਦੀ ਵੈਬਸਾਈਟ ਤੇ ਵੀ ਪਾਈ ਜਾਵੇ।
2. ਵਧੀਕ ਆਬਕਾਰੀ ਤੇ ਕਰ ਕਮਿਸ਼ਨਰ (ਪ੍ਰ) ਨੂੰ ਮੁੱਖ ਦਫਤਰ ਆਬਕਾਰੀ ਤੇ ਕਰ ਕਮਿਸ਼ਨਰ, ਭੂਪਿੰਦਰਾ ਰੋਡ, ਪਟਿਆਲਾ।
3. ਸਬੰਧਤ ਅਧਿਕਾਰੀ।

31/3/16
ਅਧੀਨ ਸਕੱਤਰ, ਪੰਜਾਬ ਸਰਕਾਰ
ਆਬਕਾਰੀ ਤੇ ਕਰ ਵਿਭਾਗ

## Final Seniority List of Excise and Taxation Officer

| Sr. No. | Name of Officer Sarv Sh/Smt | Mode of Recruitment | Category | Date of Birth | Date of Appointment in the feeding cadre | Date of Retirement | Date of Adjustment as ETO | Remarks |
|---|---|---|---|---|---|---|---|---|
| 1 | K.C. Rajora | Direct ETO | S.C | 07-12-1950 | 08-04-1981 | 31-12-2008 | 08-04-1981 | Promoted As AETC (Now Retired) |
| 2 | Harinder Kaur Brar | Direct ETO | General | 16-11-1959 | 22-05-1989 | 30-11-2017 | 22-05-1989 | Promoted As AETC (Now DETC) |
| 3 | G.S. Gill | Direct ETO | General | 01-11-1959 | 22-05-1989 | 31-10-2017 | 22-05-1989 | Promoted As AETC (Now DETC) |
| 4 | Lavinder Jain | Direct ETO | General | 08-09-1963 | 22-05-1989 | 30-09-2021 | 22-05-1989 | Promoted As AETC (Now DETC) |
| 5 | H.S. Sandhu | Direct ETO | General | 04-04-1949 | 22-05-1989 | 30-04-2007 | 22-05-1989 | Promoted As AETC (Now Retired) |
| 6 | S.S. Garha | Direct ETO | General | 15-04-1960 | 22-05-1989 | 30-04-2018 | 22-05-1989 | Promoted As AETC (Now DETC) |
| 7 | Paramjit Singh Sekhon | Direct ETO | General | 01-11-1960 | 13-09-1990 | 31-10-2018 | 13-09-1990 | Promoted As AETC (Now DETC) |
| 8 | Maninder Kaur Sidhu | Direct ETO | S.C | 01-09-1963 | 21-05-1990 | 31-08-2021 | 22-05-1989 | Promoted As AETC (Now DETC) |
| 9 | Mahavir Singh | Direct ETO | General | 05-04-1952 | 06-03-1975 | 30-04-2010 | 22-05-1989 | Promoted As AETC (Now Retired) |
| 10 | Dalbir Singh Gill | Direct (Priority) | General | 15-09-1964 | 12-06-1989 | 30-09-2022 | 22-05-1989 | Promoted As AETC (Now Complusorily Retired) |
| 11 | Lachhman Singh | Promotion MS | S.C | 20-08-1955 | 14-03-1975 | 31-08-2015 | 29-01-1990 | Promoted As AETC (Now Retired) |
| 12 | Anand Kumar | Promotion MS | S.C | 02-01-1953 | 23-10-1972 | 31-01-2011 | 22-02-1994 Deemed dated given from 27-08-1990 | Promoted As AETC (Now Retired) |
| 13 | Jagdev Singh Chakkal | Direct ETO | | 01-03-1948 | 31-10-1990 | 28-02-2006 | 25-10-1990 | Retired |
| 14 | Namrta Nurpuri | Direct ETO | General | 21-04-1962 | 03-11-1990 | 30-04-2020 | 03-11-1990 | Voluntary Retired as on 03-07-2015 |
| 15 | Parshotam Singh Randhawa | Direct ETO | General | 08-05-1955 | 19-04-1991 | 31-05-2013 | 19-04-1991 | Promoted As AETC (Now DETC Retired) |
| 16 | Surinder Singh Bangra | Direct ETO | General | 02-03-1955 | 15-04-1991 | 31-03-2013 | 15-04-1991 | Promoted As AETC (Now DETC Retired) |
| 17 | Pal Singh | Direct ETO | S.C | 13-02-1958 | 15-04-1991 | 17-09-2015 | 15-04-1991 | Died |
| 18 | Rajini Kumar Sharma | Promotion MS | | 08-02-1950 | 25-02-1976 | 29-02-2008 | 16-04-1991 | Retired |
| 19 | Harinder Pal Singh | Direct (Priority) | General | 08-08-1961 | 12-01-1991 | 31-08-2019 | 15-02-1992 | Promoted As AETC (Now DETC) |
| 20 | Kesar Singh | Promotion MS | S.C | 16-02-1955 | 28-02-1977 | 28-02-2013 | 20-05-1992 | Promoted As AETC (Now Retired) |
| 21 | Satish Kumar Goel | Promotion EI | | 29-07-1948 | 07-08-1972 | 31-07-2006 | 26-11-1992 | Retired |
| 22 | Lal Singh | Promotion EI | | 01-09-1948 | 18-03-1975 | 31-08-2006 | 26-11-1992 | Retired |
| 23 | Raj Singh | Promotion EI | | 15-05-1948 | 18-03-1975 | 31-05-2006 | 02-07-1993 | Retired |
| 24 | Rajinder Kaur | Direct (Priority) | General | 02-11-1949 | 31-01-1994 | 30-11-2007 | 27-01-1994 | Promoted As AETC (Now Retired) |

| Sr. No. | Name of Officer Sarv Sh/Smt | Mode of Recruitment | Category | Date of Birth | Date of Appointment in the feeding cadre | Date of Retirement | Date of Adjustment as ETO | Remarks |
|---|---|---|---|---|---|---|---|---|
| 25 | Prem Singh | Promotion MS | | 06-12-1952 | 07-08-1973 | 31-12-2010 | 16-10-2002 deemed date to be given from 22-02-1994 | Retired |
| 26 | Jai Chand Narang | Promotion MS | | 10-10-1948 | 28-00-1980 | 31-10-2006 | 08-07-1994 | Retired |
| 27 | Chander Kanta Grover | Promotion MS | General | 13-04-1949 | 06-08-1968 | 30-04-2007 | 08-07-1994 | Promoted As AETC (Now Retired) |
| 28 | H.S. Bedi | Promotion MS | General | 10-08-1953 | | 31-08-2011 | 08-07-1994 | Promoted As AETC (Now Retired) |
| 29 | Harnarian Singh | Promotion TI | | 01-05-1948 | 30-03-1972 | 30-04-2006 | 20-07-1994 | Retired |
| 30 | Harbans Lal Chadda | Promotion TI | General | 05-08-1950 | 28-03-1972 | 31-08-2008 | 20-07-1994 | Promoted As AETC (Now Retired) |
| 31 | Saroj Garg | Direct (Priority) | General | 07-03-1953 | 12-08-1994 | 31-03-2011 | 12-08-1994 | Promoted As AETC (Now Retired) |
| 32 | Urvashi Goel | Direct (Priority) | General | 30-07-1968 | 05-10-1994 | 31-07-2026 | 05-10-1994 | Working |
| 33 | Naresh Kumar Dubey | Direct ETO | General | 20-06-1968 | 05-05-1995 | 30-06-2026 | 05-05-1995 | Promoted As AETC (Now DETC) |
| 34 | Harpinder Pal Singh Gotra | Direct ETO | General | 31-12-1969 | 25-05-1995 | 31-12-2027 | 25-05-1995 | Promoted As AETC (Now DETC) |
| 35 | Harjit Kaur | Direct ETO | General | 19-08-1970 | 05-05-1995 | 31-08-2028 | 05-05-1995 | Promoted As AETC |
| 36 | Tejbir Singh Sidhu | Direct ETO | General | 28-03-1966 | 29-05-1995 | 31-03-2024 | 20-05-1995 | Promoted As AETC |
| 37 | Charnjit Singh Brar | Direct ETO | | 02-09-1968 | 11-05-1995 | 30-09-2026 | 11-05-1995 | Removal from Service |
| 38 | Lajpal Singh | Direct ETO | General | 21-02-1965 | 05-05-1995 | 28-02-2023 | 05-05-1995 | Promoted As AETC |
| 39 | Gurinder Singh Sandhu | Direct ETO | General | 01-04-1964 | 08-07-1955 | 31-03-2022 | 07-07-1995 | Promoted As AETC |
| 40 | Baldeep Kaur | Direct ETO | General | 04-04-1970 | 29-05-1995 | 30-04-2028 | 29-05-1995 | Promoted As AETC |
| 41 | Pawan Garg | Direct ETO | General | 22-07-1961 | 07-05-1995 | 31-07-2019 | 07-05-1995 | Promoted As AETC |
| 42 | Jaskaran Singh Brar | Direct ETO | General | 14-08-1970 | 10-05-1995 | 31-08-2028 | 10-05-1995 | Promoted As AETC |
| 43 | Rajpal Singh | Direct ETO | General | 03-09-1968 | 08-05-1995 | 30-09-2026 | 08-05-1995 | Promoted As AETC |
| 44 | Harsimrat Kaur | Direct ETO | General | 11-06-1968 | 05-05-1995 | 30-06-2026 | 05-05-1995 | Promoted As AETC |
| 45 | S.P.S. Grewal | Direct ETO | General | 15-12-1963 | 08-05-1995 | 31-12-2021 | 08-05-1995 | Promoted As AETC |
| 46 | Rajiv Kumar Garg | Direct ETO | General | 16-01-1963 | 08-05-1995 | 31-01-2021 | 08-05-1995 | Promoted As AETC |
| 47 | Harinder Singh | Direct ETO | General | 02-10-1966 | 06-05-1995 | 31-01-2024 | 06-05-1995 | Promoted As AETC |
| 48 | Pritpal Singh | Direct ETO | | 15-01-1969 | 04-07-1995 | 31-01-2027 | 08-07-1995 | Resigned |
| 49 | Davinder Singh Sidhu | Direct ETO | General | 19-02-1957 | 19-07-1995 | 28-02-2015 | 11-07-1995 | Promoted As AETC (Now Retired) |
| 50 | Shalin Walia | Direct ETO | General | 14-02-1969 | 25-10-1995 | 28-02-2027 | 11-06-1998 | Promoted as AETC |
| 51 | Inderjit Singh Bhambra | Direct ETO | General | 03-12-1955 | 08-05-1995 | 31-12-2013 | 08-05-1995 | Promoted As AETC (Now Retired) |

| Sr. No. | Name of Officer Sarv Sh/Smt | Mode of Recruitment | Category | Date of Birth | Date of Appointment in the feeding cadre | Date of Retirement | Date of Adjustment as ETO | Remarks |
|---|---|---|---|---|---|---|---|---|
| 52 | Bikar Singh Kahlon | Direct ETO | General | 12-09-1954 | 08-05-1954 | 30-09-2012 | 08-05-1995 | Promoted As AETC (Now Retired) |
| 53 | Lakhwinder Singh | Direct ETO | General | 06-04-1953 | 30-05-1955 | 30-04-2011 | 30-05-1995 | Promoted As AETC (Now Retired) |
| 54 | Jaspinder Singh | Direct ETO | S.C | 21-07-1968 | 05-05-1995 | 31-07-2026 | 05-05-1995 | Promoted As AETC |
| 55 | Darbara Singh | Direct ETO | S.C | 10-02-1965 | 08-05-1995 | 31-01-2023 | 08-05-1995 | Promoted As AETC |
| 56 | Raghbir Singh-II | Direct ETO | S.C | 15-06-1963 | 17-05-1995 | 30-09-2021 | 17-05-1995 | Died |
| 57 | G.S. Tiwana | Direct ETO | General | 04-06-1956 | 01-12-1989 | 30-06-2014 | 30-11-1996 | Promoted As AETC (Now Retired) |
| 58 | B.K. Virdi | Direct ETO | S.C | 01-03-1969 | 31-05-1995 | 28-02-2027 | 31-05-1995 | Promoted as AETC |
| 59 | Surinder Singh Channi | Direct ETO | General | 08-07-1964 | 21-06-1996 | 31-07-2022 | 21-06-1996 | Promoted as AETC |
| 60 | Paramjit Singh | Direct ETO | B.C | 15-03-1966 | 21-06-1996 | 31-03-2024 | 21-06-1996 | Promoted as AETC |
| 61 | Gurcharan Singh Dhaliwal | Direct ETO | S.C | 27-03-1957 | 15-05-1995 | 31-03-2015 | 15-05-1995 | Retired |
| 62 | Pawinder Kumar | Direct ETO | S.C | 03-01-1957 | 06-05-1995 | 31-01-2015 | 06-05-1995 | Promoted as AETC |
| 63 | Gurcharan Singh Bal | Direct ETO | | 06-03-1951 | 16-05-1995 | 31-03-2009 | 16-05-1995 | Retired |
| 64 | Jaspal Singh Randhawa | Direct ETO | S.C | 02-08-1971 | 04-02-1995 | 31-08-2029 | 04-07-1995 | Promoted as AETC (Now Died) |
| 65 | Varinder Kaur Pannu | Direct ETO | General | 17-01-1955 | 03-05-1995 | 31-01-2013 | 13-05-1995 | Promoted as AETC (Now Retired) |
| 66 | Hardeep Kaur Bhambra | Direct (Priority) | B.C | 01-02-1964 | 15-09-1995 | 31-01-2022 | 15-09-1995 | Promoted as AETC |
| 67 | Sangeeta Sharma | Direct (Priority) | General | 08-01-1971 | 10-09-1995 | 31-01-2029 | 11-09-1995 | Promoted as AETC |
| 68 | K.S. Chahal -II | Direct (Priority) | General | 13-03-1970 | 11-09-1995 | 31-03-2028 | 11-09-1995 | Promoted as AETC |
| 69 | Baljit Singh | Direct (Priority) | | 19-10-1965 | 10-09-1995 | 31-10-2023 | 11-09-1995 | Working |
| 70 | Mahinder Singh Maan | Promotion TI | General | 10-08-1946 | 03-04-1972 | 31-08-2004 | 29-10-1996 | Retired |
| 71 | Bhagwinder Singh | Promotion TI | General | 23-01-1943 | 30-03-1972 | 31-08-2001 | 29-10-1996 | Retired |
| 72 | Ganesh Dutt | Promotion TI | General | 31-05-1940 | 30-06-1973 | 31-05-1998 | 29-10-1996 | Retired |
| 73 | Hardial Singh Lehal | Promotion TI | General | 27-02-1948 | 11-07-1972 | 31-01-2001 | 29-10-1996 | Retired |
| 74 | Mehar Chand | Promotion EI | General | 01-04-1945 | 21-02-1975 | 31-03-2003 | 29-10-1996 | Retired |
| 75 | Amrit Lal Bansal | Promotion TI | General | 07-01-1946 | 25-10-1972 | 31-01-2004 | 29-10-1996 | Retired |
| 76 | Rashpal Nayyar | Promotion TI | General | 09-12-1948 | 25-10-1972 | 31-12-2006 | 29-10-1996 | Expired |
| 77 | Jarnail Singh Brar | Promotion TI | General | 11-09-1947 | 19-03-1975 | 30-09-2005 | 29-10-1996 | Retired |
| 78 | P.N. Verma | Promotion TI | General | 01-06-1946 | 16-10-1972 | 31-05-2004 | 29-10-1996 | Retired |